NSW Department of Education

NSW GOVERNMENT

# ਸਿਰ ਦੀਆਂ ਜੂੰਆਂ ਨਾਲ ਸਬੰਧਤ ਚਿੰਤਾ ਬਾਰੇ ਮਾਪਿਆਂ ਦੀ ਸਲਾਹ
## Parental advice concerning head lice

ਬੱਚੇ ਦਾ ਨਾਮ ______________________________ ਜਮਾਤ/ਗਰੁਪ ____________________

Child's name Class/Group

ਪਿਆਰੇ ਮਾਪੇ/ਸਰਪ੍ਰਸਤ

ਮੈਂ ਤੁਹਾਨੂੰ ਇਹ ਸਲਾਹ ਦੇਣ ਲਈ ਲਿਖ ਰਿਹਾ ਹਾਂ ਕਿ ਸਾਨੂੰ ਸ਼ੱਕ ਹੈ ਕਿ ਉਪਰੋਕਤ ਦਰਸਾਏ ਜਮਾਤ/ਗਰੁਪ ਦੇ ਕੁੱਝ ਵਿਦਿਆਰਥੀਆਂ ਦੇ ਵਾਲਾਂ ਵਿੱਚ ਲੀਖਾਂ (ਆਂਡੇ) ਜਾਂ ਸਿਰ ਦੀਆਂ ਜੂੰਆਂ ਮੌਜੂਦ ਹਨ।

ਕ੍ਰਿਪਾ ਕਰ ਕੇ ਲੀਖਾਂ/ਜੂੰਆਂ ਲਈ ਆਪਣੇ ਬੱਚੇ ਦੀ ਅੱਜ ਹੀ ਜਾਂਚ ਕਰੋ ਅਤੇ ਜੇ ਤੁਹਾਨੂੰ ਕੋਈ ਲੀਖਾਂ ਜਾਂ ਜੂੰਆਂ ਮਿਲਦੀਆਂ ਹਨ, ਤਾਂ ਨਾਲ ਨੱਥੀ *ਸਿਰ ਦੀਆਂ ਜੂੰਆਂ ਦੇ ਇਲਾਜ ਦੇ ਵਿਕਲਪ (Head Lice Treatment Options)* ਸਿਰਲੇਖ ਵਾਲੀ ਸੂਚਨਾ ਸ਼ੀਟ ਵਿੱਚ ਕੀਤੀ ਸਿਫ਼ਾਰਸ਼ ਅਨੁਸਾਰ ਇਲਾਜ ਅਰੰਭ ਕਰ ਦਿਓ।

ਸਿਰ ਦੀਆਂ ਜੂੰਆਂ ਬਾਰੇ ਹੋਰ ਜਾਣਕਾਰੀ NSW ਹੈਲਥ ਦੀ ਵੈਬਸਾਈਟ ਉਤੇ ਇਥੇ ਉਪਲਬਧ ਹੈ
https://www.health.nsw.gov.au/environment/headlice/Pages/treatment.aspx
ਜਾਂ ਵਿਭਾਗ ਦੀ ਵੈਬਸਾਈਟ ਵਿੱਚ
https://education.nsw.gov.au/student-wellbeing/health-and-physical-care/health-care-procedures/conditions/head-lice

ਜੇ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੈ ਤਾਂ ਕ੍ਰਿਪਾ ਕਰ ਕੇ ਪ੍ਰਿੰਸੀਪਲ ਨੂੰ ਕਾੱਲ ਕਰੋ। ਜੇ ਪ੍ਰਿੰਸੀਪਲ ਨਾਲ ਸੰਪਰਕ ਹਿਤ ਮਦਦ ਲਈ ਤੁਹਾਨੂੰ ਕਿਸੇ ਦੁਭਾਸ਼ੀਏ ਦੀ ਜ਼ਰੂਰਤ ਹੈ, ਤਾਂ ਕ੍ਰਿਪਾ ਕਰ ਕੇ 'ਟੈਲੀਫ਼ੋਨ ਦੁਭਾਸ਼ੀਆ ਸੇਵਾ' (Telephone Interpreter Service) ਨੂੰ 131 450 'ਤੇ ਕਾੱਲ ਕਰੋ ਅਤੇ ਆਪਣੀ ਭਾਸ਼ਾ ਵਿੱਚ ਇੱਕ ਦੁਭਾਸ਼ੀਏ ਦੀ ਮੰਗ ਕਰੋ। ਆੱਪਰੇਟਰ ਤੁਹਾਡੀ ਗੱਲਬਾਤ ਵਿੱਚ ਮਦਦ ਲਈ ਇੱਕ ਦੁਭਾਸ਼ੀਆ ਲਾਈਨ 'ਤੇ ਲਿਆਵੇਗਾ। ਇਸ ਸੇਵਾ ਲਈ ਤੁਹਾਡੇ ਤੋਂ ਕੋਈ ਖ਼ਰਚਾ-ਵਸੂਲ ਨਹੀਂ ਕੀਤਾ ਜਾਵੇਗਾ।

ਮੈਂ ਇਸ ਸਬੰਧੀ ਤੁਹਾਡੀ ਸਹਾਇਤਾ ਦੀ ਸ਼ਲਾਘਾ ਕਰਦਾ ਹਾਂ।

ਤੁਹਾਡਾ ਹਿਤੂ,

ਪ੍ਰਿੰਸੀਪਲ ਜਾਂ ਨਾਮਜ਼ਦ ਅਧਿਕਾਰੀ
Principal or Nominee